بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.03.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਨਿਕਾਹ ਤੋਂ ਪਹਿਲਾਂ ਬਹੁਤ ਇਸਤਖ਼ਾਰਾ ਕਰੋ

ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਬਹੁਤ ਹੀ ਉਪਕਾਰ ਕੀਤਾ ਹੈ ਕਿ ਸਾਨੂੰ ਅਜਿਹਾ ਮਾਰਗ ਦੱਸਿਆ ਹੈ ਕਿ ਜੇਕਰ ਅਸੀਂ ਉਸ ਉਪੱਰ ਅਮਲ ਕਰੀਏ ਤਾਂ ਇੰਸ਼ਾਅਲੱਾਹ ਨਿਕਾਹ ਅਵਸ਼ ਹੀ ਸੁੱਖ ਦਾ ਸਬਬ ਹੋਵੇਗਾ ।

ਇਹ ਦੁਆ ਹਮੇਸ਼ਾ ਕਰਦੇ ਰਹਿਣਾ ਜਾਹੀਦਾ ਹੈ ਕਿ ਸ਼ਾਦੀ (ਪਰਿਵਾਰਕ ਜੀਵਨ) ਹਮੇਸ਼ਾ ਸਕੂਨ, ਸ਼ਾਂਤੀ ਤੇ ਪਿਆਰ ਨਾਲ ਲੰਘੇ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 03 ਮਾਰਚ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਲੜਕੇ ਤੇ ਲੜਕੀਆਂ ਦੇ ਰਿਸ਼ਤੇ ਸੰਬੰਧੀ ਮਾਮਲੇ ਅਤੇ ਫਿਰ ਰਿਸ਼ਤਿਆਂ ਦੇ ਬਾਦ ਪਰਿਵਾਰਕ ਜੀਵਨ ਦੇ ਮਾਮਲੇ, ਇਹ ਅਜਿਹੀਆਂ ਸਮੱਸਿਆਵਾਂ ਹਨ ਜੋ ਘਰਾਂ ਵਿੱਚ ਔਕੁੜਾਂ, ਪਰੇਸ਼ਾਨੀਆਂ ਤੇ ਬੇਚੈਨੀ ਦਾ ਸਬਬ ਬਣਦੀਆਂ ਰਹਿੰਦੀਆਂ ਹਨ । ਸ਼ਾਦੀਆਂ ਦੇ ਬਾਦ ਪਰਿਵਾਰਕ ਜੀਵਨ ਕੇਵਲ ਪਤੀ ਪਤਨੀ ਲਈ ਮਸਲਾ ਨਹੀਂ ਹੁੰਦਾ ਸਗੋਂ ਦੋਹਾਂ ਪਾਸਿਆਂ ਦੇ ਮਾਂਪਿਆਂ ਲਈ ਵੀ ਪਰੇਸ਼ਾਨੀ ਦਾ ਸਬਬ ਹੁੰਦੇ ਹਨ ਅਤੇ ਕੇਵਲ ਐਨ੍ਹਾ ਹੀ ਨਹੀਂ ਸਗੋਂ ਜੇਕਰ ਸੰਤਾਨ ਹੋ ਗਈ ਤਾਂ ਸੰਤਾਨ ਲਈ ਵੀ ਬੇਚੈਨੀ ਪੈਦਾ ਕਰ ਰਹੇ ਹੁੰਦੇ ਹਨ ਅਤੇ ਕਈ ਵਾਰ ਸੰਤਾਨ ਇਹਨਾਂ ਕਾਰਣਾ ਕਰਕੇ ਧਾਰਮਕ ਤੇ ਸੰਸਾਰਕ ਦੋਹਾਂ ਪੱਖਾਂ ਤੋਂ ਵਿਗੜ ਰਹੀ ਹੁੰਦੀ ਹੈ ਅਤੇ ਮਾਤਾ ਪਿਤਾ ਤੇ ਪਰਿਵਾਰ ਲਈ ਹੋਰ ਪਰੇਸ਼ਾਨੀਆਂ ਪੈਦਾ ਕਰਦੀ ਹੈ । ਸੰਭਵਤਾ ਪਰੇਸ਼ਾਨੀਆਂ ਦੀ ਇਕ ਕੜੀ ਅਰੰਭ ਹੋ ਜਾਂਦੀ ਹੈ । ਲਗਭਗ ਪ੍ਰਤੀਦਿਨ ਮੇਰੀ ਡਾਕ ਵਿੱਚ ਅਜਿਹੇ ਮਾਮਲੇ ਆਉਂਦੇ ਹਨ ਜਾਂ ਜ਼ੁਬਾਨੀ ਮੁਲਾਕਾਤ ਸਮੇਂ ਲੋਕ ਆਪਣੀਆਂ ਸਮੱਸਿਆਵਾਂ ਦੀ ਚਰਚਾ ਕਰਦੇ ਹਨ । ਇਕ ਪਾਸੇ ਲੜਕੀਆਂ ਦੇ ਰਿਸ਼ਤਿਆਂ ਦੀ ਸਮੱਸਿਆ ਹੈ । ਪੜ੍ਹਾਈ ਨੂੰ ਉਜ਼ਰ ਬਣਾਕੇ ਅਸਲ ਉਮਰ ਵਿੱਚ ਰਿਸ਼ਤੇ ਨਹੀਂ ਕੀਤੇ ਜਾਂਦੇ ਅਤੇ ਜੱਦ ਰਿਸ਼ਤੇ ਹੋ ਜਾਣ ਤਾਂ ਫਿਰ ਅੰਡਰਸਟੈਂਡਿੰਗ (Understanding) ਨ ਹੋਣ ਦਾ ਕਾਰਣ ਘੜਕੇ ਰਿਸ਼ਤਿਆਂ ਵਿੱਚ

ਦੂਰੀਆਂ ਪੈਦਾ ਹੁੰਦੀਆਂ ਹਨ ਅਤੇ ਇਸ ਵਿੱਚ ਵਿੱਥਾਂ ਪੈਦਾ ਹੁੰਦੀਆਂ ਹਨ । ਫਿਰ ਕਈ ਲੜਕੀਆਂ ਦੀ ਇਹ ਗੱਲ ਦੇਖਣ ਵਿੱਚ ਆਈ ਹੈ ਕਿ ਸਹੇਲੀਆਂ ਗ਼ਲਤ ਵਿਚਾਰ ਉਹਨਾਂ ਦੇ ਦਿਲਾਂ ਵਿੱਚ ਪੈਦਾ ਕਰਦੀਆਂ ਹਨ । ਫਿਰ ਕਈ ਵਾਰ ਮਾਤਾ ਪਿਤਾ ਆਪ ਵੀ ਲੜਕੀਆਂ ਨੂੰ ਅਜਿਹੀਆਂ ਗਲੱਾਂ ਸਿਖਾਉਂਦੇ ਹਨ ਜਿਸ ਨਾਲ ਲੜਕੇ ਲੜਕੀ ਜਾਂ ਪਤੀ ਪਤਨੀ ਦਾ ਆਪੋ ਵਿੱਚ ਵਿਸ਼ਵਾਸ ਖ਼ਤਮ ਹੋ ਜਾਂਦਾ ਹੈ ਜਾਂ ਸ਼ੰਕਿਆਂ ਦਾ ਸ਼ਿਕਾਰ ਹੋਣ ਲਗੱਦੇ ਹਨ । ਦੁੱਖ ਇਸ ਗੱਲ ਦਾ ਹੈ ਕਿ ਪਾਕਿਸਤਾਨ ਤੋਂ ਏਥੇ ਰਿਸ਼ਤਾ ਕਰਕੇ ਆਈ ਹੋਈ ਲੜਕੀਆਂ ਵੀ ਜੋ ਪਛੱਮੀ ਦੇਸ਼ਾਂ ਵਿੱਚ ਆਉਂਦੀਆਂ ਹਨ । ਏਥੇ ਆਜ਼ਾਦੀ ਦੇਖਕੇ ਉਸਦੇ ਰੰਗ ਵਿੱਚ ਰੰਗੀਨ ਹੋ ਕੇ ਫਿਰ ਗ਼ਲਤ ਮੰਗਾ ਕਰਨੀਆਂ ਸ਼ੁਰੂ ਕਰ ਦਿੰਦੀਆਂ ਹਨ । ਸਗੋਂ ਕਈ ਵਾਰ ਘਰ ਵਸਾਉਣ ਤੋਂ ਪਹਿਲਾਂ ਹੀ ਏਥੇ ਪਹੁੰਚ ਕੇ ਰਿਸ਼ਤੇ ਤੋੜ ਦਿੰਦੀਆਂ ਹਨ ਅਤੇ ਇਹ ਅਵਸਥਾ ਕੇਵਲ ਲੜਕੀਆਂ ਦੀ ਨਹੀਂ ਸਗੋਂ ਲੜਕੇ ਵੀ ਇਹੋ ਕੁਝ ਕਰ ਰਹੇ ਹਨ । ਸਗੋ ਲੜਕਿਆਂ ਦੀ ਤੁਲਨਾ ਲੜਕੀਆਂ ਤੋਂ ਕੁਝ ਅਧਿਕ ਹੀ ਹੈ ਅਤੇ ਇਸ ਦਾ ਕਾਰਣ ਇਹ ਹੈ ਕਿ ਅਧਿਕਤਰ ਲੜਕੇ ਅਤੇ ਲੜਕੀਆਂ ਵੀ ਸੱਚੀਆਂ ਗੱਲਾਂ ਨਾਲ ਕੰਮ ਨਹੀਂ ਲੈਂਦੇ । ਪੂਰੇ ਹਾਲਾਤ ਇਕ ਦੂਜੇ ਨੂੰ ਨਹੀਂ ਦੱਸੇ ਜਾਂਦੇ ਫਿਰ ਮਾਂ ਬਾਪ ਕਈ ਵਾਰ ਲੜਕੀਆਂ ਦੇ ਜਬਰੀ ਰਿਸ਼ਤੇ ਕਰਵਾ ਦਿੰਦੇ ਹਨ ਕਿ ਬਾਦ ਵਿੱਚ ਠੀਕ ਹੋ ਜਾਵੇਗਾ । ਜੋ ਰਿਸ਼ਤੇ ਵਿਦਿਅਕ ਅੰਤਰ ਅਤੇ ਰਹਿਣੀ ਬਹਿਣੀ ਤੇ ਅੰਤਰ ਕਰਕੇ ਸੁਮੇਲ ਨਹੀਂ ਰੱਖ ਰਹੇ ਹੁੰਦੇ ।

ਸੋ, ਭਾਵੇਂ ਉਹ ਲੜਕੇ ਹਨ ਜਾਂ ਲੜਕੀਆਂ ਹਨ, ਇਕ ਪਾਸੇ ਸੁਸਰਾਲ ਹੈ ਜਾਂ ਦੂਜੇ ਪਾਸੇ ਕਿਸੇ ਵੱਲ ਵੀ ਸੌ ਪ੍ਰਤੀਸ਼ਤ ਆਰੋਪ ਨਹੀਂ ਪਾਇਆ ਜਾ ਸਕਦਾ । ਕਈ ਹਾਲਾਤਾਂ ਵਿੱਚ ਲੜਕੇ ਕਸੂਰਵਾਰ ਹੁੰਦੇ ਹਨ, ਕਈ ਹਾਲਾਤਾਂ ਵਿਚ ਲੜਕੀਆਂ ਕਸੂਰਵਾਰ ਹੁੰਦੀਆਂ ਹਨ । ਫਿਰ ਪਰਿਵਾਰਕ ਸਮੱਸਿਆਵਾਂ ਜਿਵੇਂ ਕਿ ਮੈਂ ਕਿਹਾ ਬੱਚਿਆਂ ਉਪੱਰ ਵੀ ਪ੍ਰਭਾਵੀ ਹੁੰਦੇ ਹਨ । ਮਾਂ ਬਾਪ ਦੇ ਵਖੱਰੇ ਹੋਣ ਤੋਂ ਬਾਦ ਜਿਸ ਕੋਲ ਵੀ ਬੱਚੇ ਰਹਿ ਰਹੇ ਹੁੰਦੇ ਹਨ ਉਹ ਮਨੋਵਿਗਿਆਨਿਕ, ਨੈਤਿਕ ਤੇ ਹੋਰਨਾ ਸਮਰਥਾਵਾਂ ਦੇ ਪੱਖੋਂ ਪ੍ਰਭਾਵਤ ਹੋ ਰਹੇ ਹੁੰਦੇ ਹਨ । ਫਿਰ ਪਤੀ ਪਤਨੀ ਦੇ ਮਾਮਾਲਿਆਂ ਵਿੱਚ ਲੜਕੀ ਦੇ ਮਾਂ ਬਾਪ ਦੀ ਦਖ਼ਲਅੰਦਾਜ਼ੀ ਹੈ । ਫਿਰ ਸਹੀ ਹਾਲਾਤ ਨ ਦਸੱਣ ਕਰਕੇ ਸ਼ਿਕਵੇ ਸ਼ਿਕਾਇਤਾਂ ਪੈਦਾ ਹੁੰਦੇ ਹਨ । ਜਿਵੇਂ ਕਿ ਮੈਂ ਪਹਿਲਾਂ ਵੀ ਵਰਨਣ ਕੀਤਾ ਹੈ ਕਿ ਸੱਚੀ ਗੱਲ ਨਾਲ ਕੰਮ ਨਹੀਂ ਲਿਆ ਜਾਂਦਾ ਜੋ ਕਿ ਅਤਿਅੰਤ ਜ਼ਰੂਰੀ ਹੈ । ਇਸੇ ਪ੍ਰਕਾਰ ਲੜਕੀਆਂ ਦੇ ਦਿਲਾਂ ਵਿੱਚ ਕਈ ਗਲੱਾਂ ਲੜਕੇ ਅਤੇ ਉਸ ਦੇ ਘਰ ਵਾਲਿਆਂ ਲਈ ਹੁੰਦੀਆਂ ਹਨ । ਉਧਾਰਣ ਲਈ ਇਹ ਕਿ ਲੜਕੀ ਦੇ ਮਾਂ ਬਾਪ ਜਾਂ ਨੇੜਲੇ ਰਿਸ਼ਤੇਦਾਰ ਜੋ ਹਨ ਲੜਕੀ ਦੇ ਸਾਹਮਣੇ ਹਰ ਸਮੇਂ ਲੜਕੇ ਦੀਆਂ ਤਾਰੀਫ਼ਾਂ (ਸ਼ਲਾਘਾ) ਕਰਦੇ ਰਹਿਣਗੇ ਕਿ ਸਾਡਾ ਮੁੰਡਾ ਐਸਾ ਹੈ ਸਾਡਾ ਮੁੰਡਾ ਵੈਸਾ ਹੈ ਅਤੇ ਲੜਕੀ ਨੂੰ ਕਿਸੇ ਨ ਕਿਸੇ ਬਹਾਨੇ ਨੀਵਾਂ ਦਰਸ਼ਾਉਣ ਦਾ ਜਤਨ ਕੀਤਾ ਜਾਂਦਾ ਹੈ । ਫਿਰ ਲੜਕੇ ਤੇ ਲੜਕੀ ਦੇ ਸੰਬੰਧ ਹਨ, ਪਤੀ ਪਤਨੀ ਦੇ ਸੰਬੰਧ ਹਨ ਉਹਨਾਂ ਵਿੱਚ ਵੀ ਲੜਕੇ ਵਾਲਿਆਂ ਦਾ ਦਖ਼ਲਾ ਹੁੰਦਾ ਹੈ । ਲੜਕੀਆਂ ਨੂੰ ਇਹ ਵੀ ਸ਼ਿਕਾਇਤ ਹੈ ਕਿ ਲੜਕੇ ਆਪਣੀਆਂ ਵਿਵਾਹਕ ਜ਼ਿੰਮੇਦਾਰੀਆਂ ਪੂਰੀਆਂ ਨਹੀਂ ਕਰਦੇ । ਜ਼ਿੰਮੇਦਾਰੀ ਦਾ ਅਹਿਸਾਸ ਨਹੀਂ ਹੈ । ਇਉਂ ਸ਼ਿਕਵਿਆਂ ਦੀ ਕੜੀ ਚਲਦੀ ਹੈ ਅਤੇ ਦੋਹਾਂ ਪਾਸਿਓ ਚਲਦਾ ਚਲਾ ਜਾਂਦਾ ਹੈ ।

ਜੇਕਰ ਇਕ ਵਾਕ ਵਿੱਚ ਇਹਨਾ ਵੱਖ ਵੱਖ ਉਮਰਾਂ ਦੇ ਪਰਿਵਾਰਕ ਸਮੱਸਿਆਵਾਂ ਦਾ ਸਬਬ ਵਰਨਣ ਕੀਤਾ ਜਾਵੇ ਤਾਂ ਇਹ ਧਰਮ ਤੋਂ ਦੂਰੀ ਹੈ, ਧਾਰਮਕ ਸਿੱਖਿਆਵਾਂ ਤੋਂ ਅਗਿਆਨਤਾ ਹੈ ਅਤੇ ਅਰੁਚੀ ਹੈ ਅਤੇ ਦੁਨੀਆਦਾਰੀ ਤੇ ਸੰਸਾਰਕ ਚੀਜਾਂ ਵਿੱਚ ਮਗਨਤਾ ਹੈ । ਸੋ, ਜੇਕਰ ਇਹਨਾਂ ਸਮੱਸਿਆਵਾਂ ਦਾ ਹਲ ਭਾਲ ਕਰਨਾ ਹੈ ਤਾਂ ਧਾਰਮਕ ਸਿੱਖਿਆ ਦੇ ਚਾਨ੍ਹਣੇ ਵਿੱਚ ਕਰਨਾ ਹੋਵੇਗਾ । ਇਕ ਪਾਸੇ ਅਸੀਂ ਆਪਣੇ ਆਪ ਨੂੰ ਅਹਮਦੀ ਕਹਿੰਦੇ ਹਾਂ, ਇਸ ਗੱਲ ਦਾ ਦਾਵਾ ਕਰਦੇ ਹਾਂ ਕਿ ਅਸੀਂ ਧਰਮ ਨੂੰ ਦੁਨੀਆ ਉਪੱਰ ਮੁਕਦੱਮ (ਪਹਿਲ ਦੇਣ) ਕਰਨ ਵਾਲੇ ਹਨ ਤਾਂ ਫਿਰ ਧਾਰਮਕ

ਸਿੱਖਿਆ ਦੀ ਰੋਸ਼ਨੀ ਵਿੱਚ ਇਸ ਦਾ ਹਲ ਤਲਾਸ਼ ਕਰੋ ਜੋ ਸਾਨੂੰ ਕੁਰਆਨ ਕਰੀਮ ਵਿੱਚ, ਹਦੀਸ਼ਾਂ ਵਿੱਚ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਿੱਖਿਆਵਾਂ ਵਿੱਚ ਮਿਲਦਾ ਹੈ । ਸਾਡੀ ਖ਼ੁਸ਼ਿਸਮਤੀ ਹੈ ਕਿ ਅਸੀਂ ਇਸਲਾਮ ਕੁਬੂਲ ਕੀਤਾ, ਅਸੀਂ ਮੁਸਲਮਾਨ ਹਨ ਅਤੇ ਫਿਰ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਮੰਨਿਆਂ ਜਿੰਨ੍ਹਾ ਨੇ ਸਾਡੇ ਕੋਲੋਂ ਹਰ ਹਾਲ ਵਿੱਚ ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਦਾ ਪ੍ਰਣ ਲਿਆ । ਇਹ ਪ੍ਰਣ ਅਸੀਂ ਵੱਖ ਵੱਖ ਮੌਕਿਆਂ'ਤੇ ਦੁਹਰਾਉਂਦੇ ਹਾਂ, ਪਰ ਜੱਦ ਇਸ'ਤੇ ਅਮਲ ਕਰਨ ਦਾ ਸਮਾਂ ਆਵੇ ਤਾਂ ਭੁੱਲ ਜਾਂਦੇ ਹਾਂ । ਵਿਆਹ ਸ਼ਾਦੀਆਂ ਦੇ ਮੌਕੇ'ਤੇ ਤਾਂ ਚੰਗੇ ਭਲੇ ਵੇਖਣ ਨੂੰ ਧਰਮ ਦੀ ਸੇਵਾ ਕਰਨ ਵਾਲੇ ਇਸ ਨੂੰ ਭੁੱਲ ਰਹੇ ਹੁੰਦੇ ਹਨ ਜੱਦ ਕਿ ਵਿਆਹ ਸ਼ਾਦੀਆਂ ਅਤੇ ਰਿਸ਼ਤਿਆਂ ਬਾਰੇ ਵਿਸ਼ੇਸ਼ ਨਿਰਦੇਸ਼ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੋਂ ਮਿਲਦੇ ਹਨ ਕਿ ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਇਸ ਗੱਲ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਜੋ ਰਸ਼ਿਤੇ ਦੀ ਭਾਲ ਸਮੇਂ ਪਹਿਲ ਦੀ ਅਧਾਰ'ਤੇ ਸਾਹਮਣੇ ਰਖੱਣ ਲਈ ਆਪ ਨੇ ਫ਼ਰਮਾਈ ਜਿਸ ਦੀ ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਮਿਲਦੀ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਸਤਰੀ ਨਾਲ ਚਾਰ ਕਾਰਣਾ ਕਰਕੇ ਵਿਆਹ ਕੀਤਾ ਜਾਂਦਾ ਹੈ । ਉਸ ਦੇ ਮਾਲ ਕਰਕੇ, ਉਸ ਦੇ ਪਰਿਵਾਰ ਤੇ ਪਰਵਾਰਕ ਜੀਵਨ ਕਰਕੇ, ਉਸਦੀ ਸੁੰਦਰਤਾ ਕਰਕੇ ਅਤੇ ਉਸ ਦੀਆਂ ਧਾਰਮਕ ਖ਼ੁਬੀਆਂ ਕਰਕੇ । ਸੋ, ਤੁਸੀਂ ਧਾਰਮਕ ਇਸਤਰੀ ਦੀ ਚੋਣ ਕਰੋ ਰੱਬ ਤੁਹਾਡਾ ਭਲਾ ਕਰੇ । ਜੇਕਰ ਇਸ ਗੱਲ ਨੂੰ ਲੜਕੇ ਵੀ ਅਤੇ ਲੜਕੇ ਦੇ ਘਰ ਵਾਲੇ ਵੀ ਸਾਹਮਣੇ ਰਖੱਣ ਲੱਗ ਜਾਣ ਤਾਂ ਲੜਕਿਆਂ ਅਤੇ ਲੜਕੀਆਂ ਦੇ ਘਰ ਵਾਲੇ ਆਪਣੀ ਪਹਿਲ ਧਰਮ ਕਰ ਲੈਂਣਗੇ ਅਤੇ ਜੱਦ ਧਰਮ ਨੂੰ ਪਹਿਲ ਹੋਵੇਗੀ ਤਾਂ ਬਹੁਤ ਸਾਰੇ ਸ਼ਿਕਵੇ ਸ਼ਿਕਾਇਤਾਂ ਅਤੇ ਅਸੁਰੱਖਿਆਵਾਂ ਜੋ ਲੜਕੀ ਤੇ ਲੜਕੇ ਅਤੇ ਉਸ ਦੇ ਘਰ ਵਾਲਿਆਂ ਬਾਰੇ ਪੈਦਾ ਹੁੰਦੇ ਹਨ ਉਹ ਦੂਰ ਹੋ ਜਾਣਗੇ ਅਕੇ ਜੋ ਲੜਕਾ ਧਾਰਮਕ ਲੜਕੀ ਦੀ ਭਾਲ ਵਿੱਚ ਹੋਵੇਗਾ ਅਤੇ ਧਰਮ ਨੂੰ ਪਹਿਲ ਦੇ ਰਿਹਾ ਹੋਵੇਗਾ ਉਸ ਨੂੰ ਆਪਣਾ ਅਮਲ ਵੀ ਧਾਰਮਕ ਸਿੱਖਿਆ ਅਨੁਸਾਰ ਢਾਲ੍ਹਣਾ ਪਏਗਾ । ਅਤੇ ਜੋ ਧਾਰਮਕ ਸਿੱਖਿਆ ਉਪੱਰ ਅਮਲ ਕਰ ਰਿਹਾ ਹੋਵੇਗਾ ਉਸ ਦੇ ਘਰ ਵਿੱਚ ਅਕਾਰਣ ਨਿੱਕੀਆਂ ਨਿੱਕੀਆਂ ਗਲੱਾਂ ਤੋਂ ਝਗੜੇ ਫ਼ਸਾਦ ਪੈਦਾ ਨਹੀਂ ਹੋ ਰਿਹਾ ਹੋਵੇਗਾ ਅਤੇ ਨ ਹੀ ਲੜਕੇ ਦੇ ਘਰ ਵਾਲੇ ਲੜਕੀ ਲਈ ਔਕੁੜਾਂ ਪੈਦਾ ਕਰਨ ਵਾਲੇ ਹੋਣਗੇ ।

ਫਿਰ ਇਸਲਾਮ ਇਹ ਸਿੱਖਿਆ ਦਿੰਦਾ ਹੈ ਕਿ ਰਿਸ਼ਤਿਆਂ ਤੋਂ ਪਹਿਲਾਂ 'ਇਸ਼ਤਖ਼ਾਰਾ' ਕਰ ਲਿਆ ਕਰੋ । ਰੱਬ ਕੋਲਂ ਰਿਸ਼ਤੇ ਦੀ ਖ਼ੈਰ ਮੰਗ ਲਿਆ ਕਰੋ ਜਾਂ ਫਿਰ ਇਹ ਕਿ ਜੇਕਰ ਰੱਬ ਨੇੜੇ ਇਸ ਰਿਸ਼ਤੇ ਵਿੱਚ ਖ਼ੈਰ (ਭਲਾਈ) ਨਹੀਂ ਹੈ ਤਾਂ ਇਸ ਵਿੱਚ ਰੋਕ ਪੈਦਾ ਕਰ ਦੇ । ਇਸ ਬਾਰੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਇਕ ਮੌਕੇ ਬਹੁਤ ਹੀ ਸੁੰਦਰ ਢੰਗ ਵਿੱਚ ਫ਼ਰਮਾਇਆ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਬਹੁਤ ਹੀ ਉਪਕਾਰ ਕੀਤਾ ਕਿ ਸਾਨੂੰ ਅਜਿਹਾ ਮਾਰਗ ਦੱਸਿਆ ਹੈ ਕਿ ਜੇਕਰ ਅਸੀਂ ਇਸ ਉਪੱਰ ਅਮਲ ਕਰੀਏ ਤਾਂ ਇੰਸ਼ਾਅਲੱਾਹ ਨਿਕਾਹ ਅਵਸ਼ ਹੀ ਸੁੱਖ ਦਾ ਸਬਬ ਹੋਵੇਗਾ । ਫ਼ਰਮਾਇਆ ਕਿ ਸਭ ਤੋਂ ਪਹਿਲੀ ਤਦਬੀਰ ਇਹ ਦੱਸੀ ਕਿ ਨਿਕਾਹ ਦਾ ਉਦੇਸ਼ ਧਰਮ ਹੈ ਅਰਥਾਤ ਧਰਮ ਦੀ ਭਾਲ ਕਰਨਾ ਹੈ ਇਹ ਕਰੋ । ਸੋਹਣੇ ਸੁਰੂਪ ਦੀ ਖਿੱਚ ਜਾਂ ਧੰਨ ਮਾਲ ਦੀ ਪ੍ਰਾਪਤੀ ਜਾਂ ਉਚੱਾ ਪਰਿਵਾਰ ਖ਼ਾਨਦਾਨ ਆਦਿ ਇਸ ਦੇ ਕਾਰਣ ਨਾ ਹੋਣ । ਪਹਿਲਾਂ ਨੀਯਤ ਨੇਕ ਹੋਵੇ ਫਿਰ ਇਸ ਦਾ ਦੂਜਾ ਕੰਮ ਇਹ ਕਿ ਨਿਕਾਹ ਤੋਂ ਪਹਿਲਾਂ ਬਹੁਤ 'ਇਸਤਖ਼ਾਰਾ' ਕਰੋ । ਸੋ, ਰੱਬ ਤੋਂ ਰਿਸ਼ਤੇ ਤੋਂ ਪਹਿਲਾਂ ਇਹ ਦੁਆ ਕਰੇ ਕਿ ਜੇਕਰ ਇਸ ਵਿੱਚ ਮੇਰੇ ਲਈ ਸੁਕੂਨ ਤੇ ਸ਼ਾਂਤੀ ਹੈ ਅਤੇ ਭਲਾਈ ਹੈ ਤਾਂ ਇਹ ਰਿਸ਼ਤਾ ਹੋ ਜਾਵੇ ਅਤੇ ਸ਼ਾਦੀ ਹੋ ਜਾਵੇ ਅਤੇ ਵਿਆਹ ਹੋ ਜਾਏ ਤਾਂ ਫਿਰ ਵਿਵਾਹਕ

ਜੀਵਨ ਰੱਬ ਦੀ ਮਿਹਰ ਨਾਲ ਬਹੁਤ ਹੀ ਚੰਗਾ ਲੰਘਦਾ ਹੈ ਫਿਰ ਇਹ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਵਿਆਹ ਦੇ ਬਾਦ ਵੀ ਸ਼ੈਤਾਨ ਹਮਲੇ ਕਰਦਾ ਰਹਿੰਦਾ ਹੈ । ਇਸ ਲਈ ਇਹ ਦੁਆ ਹਮੇਸ਼ਾ ਕਰਦੇ ਰਹਿਣਾ ਚਾਹੀਦਾ ਹੈ ਕਿ ਵਿਵਾਹਕ ਜੀਵਨ ਹਮੇਸ਼ਾ ਸੁਕੂਨ ਸ਼ਾਂਤੀ ਤੇ ਪ੍ਰੇਮ ਨਾਲ ਬੀਤੇ । ਫਿਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਇਸਥਖ਼ਾਰੇ ਦੀ ਹੋਰ ਮਹਤੱਾ ਦੱਸੀ ਹੈ ਇਕ ਮੌਕੇ ਇਸ ਬਾਰੇ ਨਸੀਹਤ ਕਰਦਿਆਂ ਹੋਇਆਂ ਆਪ ਨੇ ਫ਼ਰਮਾਇਆ :

ਵੱਡੇ ਵੱਡੇ ਕੰਮਾਂ ਵਿੱਚ ਨਿਕਾਹ ਵੀ ਇਕ ਕੰਮ ਹੈ । ਅਸੀਂ ਪਰਿਣਾਮ ਤੋਂ ਬੇ ਖ਼ਬਰ ਹੁੰਦੇ ਹਾਂ ਪਰ ਰੱਬ ਤਾਂ ਗ਼ੈਬ ਦਾ ਜਾਨਣ ਵਾਲਾ ਹੈ ਇਸ ਲਈ ਖ਼ੂਬ ਇਸਤਿਖ਼ਾਰਾ ਕਰੋ ਅਤੇ ਰੱਬ ਤੋਂ ਦੁਆ ਮੰਗੋ । ਆਪ ਨਿਕਾਹ ਦੇ ਖ਼ੁਤਬੇ ਲਈ ਪੜ੍ਹੀਆਂ ਜਾਣ ਵਾਲੀਆਂ ਆਇਤਾਂ ਦੇ ਹਵਾਲੇ ਨਾਲ ਫ਼ਰਮਾਉਂਦੇ ਹਨ ਕਿ ਇਹਨਾਂ ਵਿੱਚ ਇਹ ਨਸੀਹਤ ਹੈ ਕਿ ਤਕਵਾ (ਸੰਜਮਤਾ) ਨੂੰ ਸਾਹਮਣੇ ਰੱਖਦਿਆਂ ਹੋਇਆਂ ਗਰਭੀ ਰਿਸ਼ਤਿਆਂ ਦਾ ਵਿਚਾਰ ਰੱਖਦਿਆਂ ਹੋਇਆ ਸੱਚੀ ਗੱਲ ਨਾਲ ਕੰਮ ਲਓ । ਇਹ ਜਾਇਜ਼ਾ ਲਓ ਕਿ ਤੁਸੀਂ ਆਪਣੇ ਕੱਲ ਲਈ ਕੀ ਅੱਗੇ ਭੇਜ ਰਹੇ ਹੋ । ਜੇਕਰ ਤੁਸੀਂ ਸਫ਼ਲ ਜੀਵਨ ਦੇਖਣਾ ਹੈ ਤਾਂ ਤਕਵਾਂ ਅਤਿਅੰਤ ਜ਼ਰੂਰੀ ਹੈ । ਫਿਰ ਨਿਕਾਹ ਮੁਬਾਰਕਬਾਦ ਦੇ ਮੌਕੇ'ਤੇ ਵੀ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਦੁਆ ਸਿਖਾਈ ਕਿ (بارك الله لك وبارك عليك وجمع بينك ما في الخير) 'ਬਾਰਾਕਲੱਾਹੁ ਲਕਾ ਵ ਬਾਰਿਕ ਅਲੈਕਾ ਵ ਜਮਾਆ ਬੈਨਾਕਾ ਮਾ ਫ਼ੀ ਖ਼ੈਰ' । ਅਰਥਾਤ ਅਲੱਾਹ ਤੁਹਾਨੂੰ ਬਰਕਤ ਦੇਵੇ, ਤੁਸੀਂ ਦੋਹਾਂ ਉਪੱਰ ਬਰਕਤਾਂ ਨਾਜ਼ਲ ਕਰੇ ਅਤੇ ਤੁਸੀਂ ਦੋਹਾਂ ਨੂੰ ਨੇਕੀ'ਤੇ ਇਕਤੱਰ ਕਰੇ । ਸੋ, ਹਰ ਮੌਕੇ'ਤੇ ਭਲਾਈ ਅਤੇ ਬਰਕਤਾਂ ਦੀ ਦੁਆ ਕੀਤੀ ਜਾਂਦੀ ਹੈ ਤਾਂ ਫਿਰ ਰਿਸ਼ਤੇ ਬਰਕਤਾਂ ਭਰਪੂਰ ਵੀ ਹੁੰਦੇ ਹਨ । ਕਈ ਲੋਕ ਪਾਕਿਸਤਾਨੀ ਤੇ ਭਾਰਤੀ ਵਾਤਾਵਰਣ ਦੇ ਪ੍ਰਭਾਵ ਹੇਠ ਹੁਣ ਤੱਕ ਖ਼ਾਨਦਾਨ, ਬਰਾਦਰੀ ਅਤੇ ਕੌਮ (ਜਾਤੀ) ਦੇ ਮਸਲਿਆਂ ਵਿੱਚ ਉਲਝੇ ਹੋਏ ਹਨ ਜੱਦ ਕਿ ਰੱਬ ਤਾਂ ਇਹ ਕਹਿੰਦਾ ਹੈ ਕਿ ਜੱਦ ਰਿਸਤੇ ਆਉਣ ਤਾਂ ਦੁਆ ਕਰੋ । ਦੁਆ ਕਰੋ ਅਤੇ ਇਸਤਿਖ਼ਾਰਾ ਕਰੋ । ਧਰਮ ਨੂੰ ਪਹਿਲ ਦਿਓ ਤਾਂ ਬਜਾਏ ਦੁਆ ਕਰਨ ਦੇ ਤੇ ਧਰਮ ਨੂੰ ਪਹਿਲ ਦੇਣ ਦੇ ਬਰਾਦਰੀ ਤੇ ਕੌਮ ਉਹਨਾਂ ਦੇ ਸੰਮੁਖ ਹੁੰਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕਿ ਰਿਸ਼ਤੇ ਨਾਤੇ ਵਿੱਚ ਕੇਵਲ ਇਹ ਦੇਖਣਾ ਚਾਹੀਦਾ ਹੈ ਕਿ ਜਿਸ ਤੋਂ ਨਿਕਾਹ ਕੀਤਾ ਜਾਂਦਾ ਹੈ ਉਹ ਨੇਕ ਅਤੇ ਚੰਗੇ ਸੁਭਾਵ ਦਾ ਮਨੁੱਖ ਹੈ ਅਤੇ ਕਿਸੇ ਅਜਿਹੇ ਔਗੁਣ ਜਾਂ ਆਫ਼ਤ ਵਿੱਚ ਗ੍ਰਿਸਿਅ ਹੋਇਆ ਤਾਂ ਨਹੀਂ ਜੋ ਮੁਸੀਬਤ ਦਾ ਸਬਬ ਹੋਵੇ ਅਤੇ ਚੇਤੇ ਰਖੱਣਾ ਚਾਹੀਦਾ ਹੈ ਕਿ ਧਰਮ ਵਿੱਚ ਕੌਮਾਂ (ਜਾਤੀਆਂ) ਦਾ ਕੁਝ ਪੱਖਪਾਤ ਨਹੀਂ ਕੇਵਲ ਸੰਜਮਤਾ ਅਤੇ ਨੇਕੀ ਦਾ ਪੱਖ ਹੈ । ਸੋ, ਇਹ ਬੁਨਿਆਦੀ ਉਸੂਲ ਹੈ ਕਿ ਸੰਜਮਤਾ ਦੇਖੋ । ਬਾਕੀ ਦੀਆਂ ਸਾਰੀਆਂ ਗੱਲਾਂ ਕੁਰੀਤੀਆਂ ਹਨ । ਹਾਂ ਅਨੁਕੂਲਤਾ ਦੇਖਣ ਦਾ ਇਰਸ਼ਾਦ ਹੈ ਇਸ ਲਈ ਅਨੁਕੂਲਤਾ ਦੇਖਣੀ ਚਾਹੀਦੀ ਹੈ ਅਤੇ ਅਵਸ਼ ਦੇਖਣੀ ਚਾਹੀਦੀ ਹੈ ਪਰ ਇਸ ਵਿੱਚ ਸਖ਼ਤੀ ਨਹੀਂ ਹੋਣੀ ਚਾਹੀਦੀ ।

ਕਈ ਲੋਕਾਂ ਨੂੰ ਆਪਣੇ ਪਰਿਵਾਰਾਂ'ਤੇ ਬਹੁਤ ਗਰਵ (ਮਾਣ) ਹੁੰਦਾ ਹੈ ਅਜਿਹੇ ਹੀ ਇਕ ਵਿਅਕਤੀ ਨੂੰ ਹਜ਼ਰਤ ਖ਼ਲੀਫ਼ਾ ਤੁਲ ਮਸੀਹ ਅਵੱਲ ਨੇ ਇਕ ਵਾਰ ਚੰਗੀ ਤਰ੍ਹਾਂ ਫੜਿਆ । ਹਜ਼ਰਤ ਖ਼ਲੀਫ਼ਾ ਤੁਲ ਮਸੀਹ ਅਵੱਲ ਦੇ ਕੋਲ ਇਕ ਵਾਰ ਇਕ ਵਿਅਕਤੀ ਆਇਆ ਅਤੇ ਕਹਿਣ ਲਗੱਾ ਕਿ ਮੈਂ ਸਯੱਦ ਹਾਂ ਮੇਰੀ ਬੇਟੀ ਦੀ ਸ਼ਾਦੀ ਹੈ ਆਪ ਇਸ ਮੌਕੇ'ਤੇ ਮੇਰੀ ਕੁਝ ਮਦਦ ਕਰਨ । ਆਪ ਨੇ ਫ਼ਰਮਾਇਆ ਮੈਂ ਤੁਹਾਡੀ ਬੇਟੀ ਦੀ ਸ਼ਾਦੀ ਲਈ ਉਹ ਸਾਰਾ ਸਾਮਾਨ ਤੁਹਾਨੂੰ ਦੇਣ ਲਈ ਤਿਆਰ ਹਾਂ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਆਪਣੀ ਬੇਟੀ ਫ਼ਾਤਮਾ ਨੂੰ ਦਿੱਤਾ ਸੀ । ਉਹ ਐਨ੍ਹਾ ਸੁਣਦਿਆਂ ਹੀ ਬੇ ਇਖ਼ਤਿਆਰ ਕਹਿਣ ਲਗੱਾ ਕਿ ਆਪ ਮੇਰੀ ਨੱਕ ਕਟੱਣਾ ਚਾਹੁੰਦੇ ਹਨ । ਹਜ਼ਰਤ ਖ਼ਲੀਫ਼ਾ ਅਵੱਲ ਨੇ ਫ਼ਰਮਾਇਆ ਕਿ ਤੁਹਾਡੀ ਨੱਕ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਨੱਕ ਤੋਂ ਵੱਡੀ ਹੈ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਕਈ ਵਾਰ ਲੜਕੀਆਂ ਨੂੰ ਇਹ ਤਾਨੇ ਮਿਲਦੇ ਹਨ ਕਿ ਦਾਜ ਥੋੜਾ ਹੈ ਉਹਨਾਂ ਲੋਕਾਂ ਲਈ ਵੀ ਸਿੱਖਿਆ ਹੈ ਜੋ ਲੜਕੀਆਂ ਨੂੰ ਭਾਵਨਾਤਮਕ ਕਸ਼ਟ ਦਿੰਦੇ ਹਨ ਅਤੇ ਇਸੇ ਪ੍ਰਾਰ ਲੜਕੀਆਂ ਵਾਲਿਆਂ ਲਈ ਵੀ ਕਿ ਦਾਜ ਸਮਰਥਾ ਅਨੁਸਾਰ ਦੇਣ । ਜਿੰਨ੍ਹੀ ਸਮਰਥਾ ਹੈ ਉਨ੍ਹਾ ਅਵਸ਼ ਦੇਣਾ ਚਾਹੀਦਾ ਹੈ ਪਰ ਅਕਾਰਣ ਹੀ ਆਪਣੇ ਉਪੱਰ ਭਾਰ ਨਹੀਂ ਪਾਉਂਣਾ ਚਾਹੀਦਾ । ਇਸਤਿਖ਼ਾਰੇ ਤੋਂ ਪਹਿਲਾਂ ਜਿੱਥੇ ਰਿਸ਼ਤੇ ਦੀ ਇਛੱਾ ਹੋਵੇ ਉਸ ਲੜਕੀ ਨੂੰ ਦੇਖਣਾ ਵੀ ਚਾਹੀਦਾ ਹੈ ਇਸ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਇਰਸ਼ਾਦ ਹੈ ਜੋ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਤੋਂ ਮੁਰੱਵੀ ਹੈ ਕਿ ਮੈਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਸੀ । ਆਪ ਦੇ ਕੋਲ ਇਕ ਵਿਅਕਤੀ ਆਇਆ ਉਸ ਨੇ ਦੱਸਿਆ ਕਿ ਉਸ ਨੇ ਅੰਸਾਰ ਦੀ ਇਕ ਇਸਤਰੀ ਨੂੰ ਵਿਆਹ ਦਾ ਸੰਦੇਸ਼ ਭੇਜਿਆ ਹੈ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਨੇ ਉਸ ਨੂੰ ਫ਼ਰਮਾਇਆ ਕਿ ਤੁਸੀਂ ਉਸ ਨੂੰ ਦੇਖ ਲਿਆ ਹੈ ? ਉਸ ਦੇ ਕਿਹਾ, ਨਹੀਂ, ਆਪ ਨੇ ਫ਼ਰਮਾਇਆ ਪਹਿਲਾਂ ਉਸ ਨੂੰ ਦੇਖ ਲਓ ਕਿਉਂਕਿ ਅੰਸਾਰ ਦੀਆਂ ਅੱਖਾਂ ਵਿੱਚ ਕੁਝ ਚੀਜ ਹੁੰਦੀ ਹੈ । ਸੋ, ਲੜਕੀ ਨੂੰ ਦੇਖਣਾ, ਇਸ ਵਿੱਚ ਕੋਈ ਹਰਜ ਨਹੀਂ ਹੈ ਪਰ ਕਈ ਵਾਰ ਲੜਕੇ ਵਾਲੇ ਆਪਣੇ ਹਉਮੈਂ ਕਰਕੇ ਲੜਕੀਆਂ ਦੇ ਘਰਾਂ ਵਿੱਚ ਆਪਣੇ ਪੁਤੱਰਾਂ ਨਾਲ ਜਾਂਦੇ ਹਨ ਕਿ ਰਿਸ਼ਤਾ ਦੇਖਣ ਆਏ ਹਨ ਪਰ ਹੰਕਾਰ ਕਰਕੇ ਓਥੇ ਜਾਕੇ ਉਹਨਾਂ ਦੀਆਂ ਗਲੱਾਂ ਹੋਰ ਦੀਆਂ ਹੋਰ ਹੋ ਰਹੀਆਂ ਹੁੰਦੀਆਂ ਹਨ ਜੱਦ ਕਿ ਇਸ ਤੋਂ ਪਹਿਲਾਂ ਫੋਟੋਆਂ ਆਦਿ ਵੀ ਦੇਖ ਚੁੱਕੇ ਹੁੰਦੇ ਹਨ ਡੇਟਾ ਵੀ ਆਦਾਨ ਪ੍ਰਦਾਨ ਹੋ ਚੁਕਿਆ ਹੁੰਦਾ ਹੈ ਪਰ ਫਿਰ ਵੀ ਲਟਕਾ ਦਿੰਦੇ ਹਨ ਅਤੇ ਸੰਸਾਰਕ ਪੱਖੋਂ ਜੇਕਰ ਕੋਈ ਚੰਗਾ ਸਾਕ ਉਹਨਾਂ ਨੂੰ ਮਿਲ ਜਾਵੇ ਇਸ ਸਮੇਂ ਦੌਰਾਨ ਤਾਂ ਪਹਿਲੇ ਰਿਸ਼ਤੇ ਨੂੰ ਖ਼ਤਮ ਕਰ ਦਿੰਦੇ ਹਨ । ਇਹ ਗ਼ਲਤ ਤਰੀਕਾ ਹੈ ।

ਵਿਆਹ ਦਾ ਮੰਤਵ ਜੋ ਸਾਨੂੰ ਧਰਮ ਸਿਖਾਉਂਦਾ ਹੈ ਜੇਕਰ ਉਸ'ਤੇ ਅਮਲ ਕੀਤਾ ਜਾਵੇ ਤਾਂ ਲੜਕੀਆਂ ਨੂੰ ਭਾਵਨਾਤਮਕ ਕਸ਼ਟ ਨ ਪਹੁੰਚੇ ਅਤੇ ਨ ਹੀ ਲੜਕੇ ਵਾਲਿਆਂ ਵੱਲੋਂ ਹੰਕਾਰ ਜਾਂ ਭਾਵਨਾਵਾਂ ਨਾਲ ਖੇਡਣ ਦੀਆਂ ਘਟਨਾਵਾਂ ਹੋਣ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵਿਆਹ ਦਾ ਉਦੇਸ਼ ਤੇ ਮੰਤਵ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ :

ਸਾਨੂੰ ਕੁਰਆਨ ਕਰੀਮ ਨੇ ਤਾਂ ਇਹ ਸਿੱਖਿਆ ਦਿੱਤੀ ਹੈ ਕਿ ਪਰਹੇਜ਼ਗਾਰ ਬਣੇ ਰਹਿਣ (ਕੁਭਾਵਨਾਵਾਂ ਤੋਂ ਬਚੇ ਰਹਿਣ) ਲਈ ਨਿਕਾਹ ਕਰੋ ਅਤੇ ਫਿਰ ਜੱਦ ਵਿਆਹ ਹੋ ਜਾਵੇ ਤਾਂ ਨੇਕ ਸੰਤਾਨ ਲਈ ਦੁਆ ਕਰੋ । ਜਿਵੇਂ ਕਿ ਉਹ ਆਪਣੇ ਪਾਕ ਕਲਾਮ ਵਿੱਚ ਫ਼ਰਮਾਉਂਦਾ ਹੈ (مُحصنین غیر مسافحین) 'ਮੁਹਸਿਨੀਨਾ ਗ਼ੈਰਾ ਮੁਸਾਫ਼ਿਹੀਨਾ' ਅਰਥਾਤ ਚਾਹੀਦਾ ਹੈ ਕਿ ਤੁਹਾਡਾ ਨਿਕਾਹ ਇਸ ਨੀਯਤ ਨਾਲ ਹੋਵੇ ਕਿ ਤੁਸੀਂ ਤਕਵਾ (ਸੰਜਮਤਾ) ਤੇ ਪਰਹੇਜ਼ਗਾਰੀ ਦੇ ਕਿਲੇ ਵਿੱਚ ਦਾਖ਼ਲ ਹੋ ਜਾਓ ਅਤੇ ਮੁਹਸਿਨੀਨਾ ਦੇ ਸ਼ਬਦ ਵਿੱਚ ਇਹ ਪਾਇਆ ਜਾਂਦਾ ਹੈ ਕਿ ਜੋ ਵਿਆਹ ਨਹੀਂ ਕਰਦਾ ਉਹ ਨ ਕੇਵਲ ਆਤਮਕ ਮੁਸੀਬਤਾਂ ਵਿੱਚ ਡਿਗੱਦਾ ਹੈ ਸਗੋਂ ਸ਼ਰੀਰਕ ਮੁਸੀਬਤਾਂ ਵਿੱਚ ਗ੍ਰਿਸਿਆ ਜਾਂਦਾ ਹੈ । ਸੋ, ਕੁਰਆਨ ਕਰੀਮ ਤੋਂ ਇਹ ਸਾਬਤ ਹੁੰਦਾ ਹੈ ਸ਼ਾਦੀ ਦੇ ਤਿੰਨ ਲਾਭ ਹਨ ਅਤੇ ਇਸੇ ਉਦੇਸ਼ਿਆਂ ਲਈ ਕਰਨੀ ਚਾਹੀਦੀ ਹੈ, ਉਹ ਕੀ ਹਨ । ਇਕ ਪਵਿਤੱਰਤਾ ਤੇ ਪਰਹੇਜ਼ਗਾਰੀ ਦੂਜਾ ਸ਼ਰੀਰਕ ਸਵਸਥਤਾ ਅਤੇ ਤੀਜਾ ਸੰਤਾਨ । ਸੋ, ਜੇਕਰ ਇਹ ਗਲੱਾਂ ਸੰਮੁੱਖ ਰਹਿਣ ਤਾਂ ਰਿਸ਼ਤੇ ਤੈਅ ਕਰਦੇ ਸਮੇਂ ਸਮੱਸਿਆਵਾਂ ਨ ਹੋਣ ਅਤੇ ਦੁਨੀਆਦਾਰੀ ਦੇਖਣ ਦੀ ਥਾਂ ਮਨੁੱਖ ਪਹਿਲਾਂ ਦੀਨ (ਧਰਮ) ਨੂੰ ਦੇਖੇ ਫਿਰ ਇਹਨਾਂ ਗਲੱਾਂ ਨੂੰ ਸੰਮੁੱਖ ਰਖੱਦਿਆਂ ਹੋਇਆਂ ਸ਼ਾਦੀ ਕਰੇ ।

ਕਈ ਘਰਾਂ ਵਿੱਚ ਇਸ ਲਈ ਲੜਾਈ ਝਗੜਾ ਹੁੰਦਾ ਹੈ ਕਿ ਲੜਕੀ ਵਿਆਹ ਦੇ ਬਾਦ ਜੱਦ ਰਵਾਨਾ ਹੁੰਦੀ ਹੈ ਤਾਂ ਪਤੀ ਕੋਲ ਵਖੱਰਾ ਘਰ ਨਹੀਂ ਹੁੰਦਾ ਅਤੇ ਉਹ ਆਪਣੇ ਮਾਂ ਬਾਪ ਨਾਲ ਰਹਿ ਰਿਹਾ ਹੁੰਦਾ ਹੈ । ਇਸ ਵਿੱਚ ਕੁਝ ਹਾਲਾਤਾਂ

ਵਿੱਚ ਜਾਂ ਮਜਬੂਰੀ ਹੁੰਦੀ ਹੈ ਕਿ ਲੜਕੇ ਦੀ ਐਨ੍ਹੀ ਆਮਦ ਨਹੀਂ ਹੁੰਦੀ ਕਿ ਵਖੱਰਾ ਘਰ ਲੈ ਸਕੇ ਜਾਂ ਲੜਕਾ ਹੁਣੇ ਪੜ੍ਹ ਰਿਹਾ ਹੈ ਤਾਂ ਮਜਬੂਰੀ ਹੈ ਅਤੇ ਲਵਕੀ ਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਲੜਕੇ ਦੀ ਆਮਦਨੀ ਜਾਂ ਮਜਬੂਰੀ ਕਰਕੇ ਵਖੱਰਾ ਘਰ ਲੈਂਣਾ ਮੁਸ਼ਕਲ ਹੈ ਅਤੇ ਕੁਝ ਸਮੇਂ ਉਹ ਸੋਹਰੇ ਘਰ ਵਿੱਚ ਗੁਜ਼ਾਰਾ ਕਰੇ । ਪਰ ਕੁਝ ਲੜਕੇ ਆਪਣੀ ਗ਼ੈਰ ਜ਼ਿੱਮੇਦਾਰੀ ਵਾਲੇ ਸੁਭਾਵ ਕਰਕੇ ਜਾਂ ਮਾਂ ਬਾਪ ਦੇ ਕਹਿਣੇ ਵਿੱਚ ਆਣਕੇ ਉਹਨਾਂ'ਤੇ ਦਬਾਉ ਪਾਕੇ ਮਾਂ ਬਾਪ ਦੇ ਨਾਲ ਰਹਿੰਦੇ ਹਨ ਜੱਦ ਕਿ ਉਹ ਵਖੱਰਾ ਘਰ ਲੈ ਸਕਦੇ ਹਨ । ਇਸਲਾਮ ਇਸ ਬਾਰੇ ਕੀ ਕਹਿੰਦਾ ਹੈ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ । ( لَیۡسَ عَلَی الۡاَعۡمٰی حَرَجٌ وَّلَا عَلَی الۡاَعۡرَجِ حَرَجٌ وَّلَا عَلَی الۡمَرِیۡضِ حَرَجٌ وَّلَا عَلٰۤی اَنۡفُسِکُمۡ اَنۡ تَاۡکُلُوۡا مِنۡۢ بُیُوۡتِکُمۡ اَوۡ بُیُوۡتِ اٰبَآئِکُمۡ اَوۡ بُیُوۡتِ اُمَّهٰتِکُمۡ) ਲੈਸਾ ਅਲਲ ਆਮਾ ਹਾਰਾਜੁੰਵ ਵਲਾ ਅਲਲ ਆਰਾਜਿ ਹਾਰਾਜੁੰਵ ਵਲਾ ਅਲਲ ਮਰੀਜ਼ਿ ਹਾਰਾਜੁੰਵ ਵਲਾ ਅਲਾ ਅਨਫ਼ੁਸਿਕੁਮ ਅਨ ਤਾਕੁਲੂ ਮਿਨ ਬੁਯੂਤਿਕੁਮ ਅਉ ਬੁਯੂਤਿ ਆਬਾਇਕੁਮ ਅਉ ਬੁਯੂਤਿ ਉਮੱਾਹਾਤਿਕੁਮ । ਅਰਥਾਤ ਅੰਨ੍ਹੇ'ਤੇ ਕੋਈ ਹਰਜ ਨਹੀਂ ਅਤੇ ਨ ਲੂਲੇ ਲੰਗੜੇ'ਤੇ ਕੋਈ ਹਰਜ ਹੈ, ਨ ਰੋਗੀ'ਤੇ ਨ ਤੁਸੀਂ ਲੋਕਾਂ'ਤੇ ਕਿ ਤੁਸੀਂ ਆਪਣੇ ਘਰਾਂ ਵਿੱਚ ਜਾਂ ਆਪਣੇ ਮਾਂ ਬਾਪ ਜਾਂ ਆਪਣੇ ਬਾਪ ਦਾਦੇ ਦੇ ਘਰਾਂ ਵਿੱਚ ਖਾਣਾ ਖਾਓ ਜਾਂ ਆਪਣੀਆਂ ਮਾਵਾਂ ਦੇ ਘਰਾਂ ਵਿੱਚ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਨੇ ਬਹੁਤ ਹੀ ਸੁੰਦਰ ਢੰਗ ਨਾਲ ਇਸ ਦੀ ਵਿਆਖਿਆ ਕੀਤੀ ਹੈ । ਫ਼ਰਮਾਇਆ ਭਾਰਤ ਵਿੱਚ ਲੋਕ ਅਧਿਕਤਰ ਆਪਣੇ ਘਰਾਂ ਵਿੱਚ ਵਿਸ਼ੇਸ਼ ਕਰਕੇ ਸੱਸ ਨੂਹ ਦੀ ਲੜਾਈ ਦੀ ਸ਼ਿਕਾਇਤ ਕਰਦੇ ਰਹਿੰਦੇ ਹਨ । ਕੁਰਆਨ ਕਰੀਮ'ਤੇ ਅਮਲ ਕਰਨ ਤਾਂ ਅਜਿਹਾ ਨ ਹੋਵੇ । ਦੇਖੋ ਇਸ ਆਇਤ ਵਿੱਚ ਨਿਰਦੇਸ਼ ਹੈ ਕਿ ਘਰ ਵਖੱਰੇ ਵਖੱਰੇ ਹੋਣ । ਮਾਂ ਦਾ ਘਰ ਵਖੱਰਾ ਅਤੇ ਵਿਆਹੀ ਸੰਤਾਨ ਦਾ ਘਰ ਵਖੱਰਾ । ਜੱਦ ਵਖੱਰੇ ਵਖੱਰੇ ਘਰ ਹੋਣਗੇ ਤਾਂ ਹੀ ਤਾਂ ਖਾਣਾ ਖਾਣ ਦੀ ਅਗਿਆ ਹੈ । ਸੋ, ਸਿਵਾਏ ਕਿਸੇ ਮਜਬੂਰੀ ਦੇ ਘਰ ਵਖੱਰੇ ਹੋਣੇ ਚਾਹੀਦੇ ਹਨ । ਘਰ ਵਖੱਰੇ ਹੋਣ ਨਾਲ ਜਿੱਥੇ ਸੱਸ, ਨੂਹ, ਨਣਾਨ ਅਤੇ ਭਰਜਾਈ ਦੇ ਮਸਲੇ ਵੀ ਖ਼ਤਮ ਹੋਣਗੇ ਓਥੇ ਲੜਕੇ ਲੜਕੀਆਂ ਨੂੰ ਆਪਣੀਆਂ ਜ਼ਿੱਮੇਦਾਰੀਆਂ ਦਾ ਅਹਿਸਾਸ ਵੀ ਹੋਵੇਗਾ । ਅਲੱਾਹ ਤਆਲਾ ਫ਼ਰਮਾਉਦਾ ਹੈ : ( وَعَاشِرُوۡهُنَّ بِالۡمَعۡرُوۡفِ ۚ فَاِنۡ کَرِهۡتُمُوۡهُنَّ فَعَسٰۤی اَنۡ تَکۡرَهُوۡا شَیۡئًا وَّیَجۡعَلَ اللّٰهُ فِیۡهِ خَیۡرًا کَثِیۡرًا) 'ਵ ਆਸ਼ਿਰੂ ਹੁਨੱਾ ਬਿਲ ਮਾਰੂਫ਼, ਫ਼-ਇਨ ਕਰਿਹਤੁਮੂ ਹੁਨੱਾ ਫ਼ ਅਸਾ ਅਨ ਤਕਰਾਹੂ ਸ਼ੈਅੰਵ ਵ ਯਜਆਲਲੱਾਹੁ ਫ਼ੀਹਿ ਖ਼ੈਰਨ ਕਸੀਰਾ' ਅਤੇ ਉਹਨਾਂ ਨਾਲ ਨੇਕ ਸੁਲੂਕ ਨਾਲ ਜੀਵਨ ਬਤੀਤ ਕਰੋ । ( ۚ فَاِنۡ کَرِهۡتُمُوۡهُنَّ) ਫ਼-ਇਨ ਕਰਿਹਤੁਮੂਹੁਨੱਾ (ਜੇਕਰ ਤੁਸੀਂ ਉਹਨਾਂ ਨੂੰ ਨ ਪਸੰਦ ਕਰੋ) ਫ਼ ਅਸਾ ਅਨ ਤਕਰਾਹੂ ਸ਼ੈਅਨ (فَعَسٰۤی اَنۡ تَکۡرَهُوۡا شَیۡئًا) ਤਾਂ ਸੰਭਵ ਹੈ ਕਿ ਤੁਸੀਂ ਇਕ ਚੀਜ਼ ਨੂੰ ਨਾਪਸੰਦ ਕਰੋ ਅਤੇ ਰੱਬ ਉਸ ਵਿੱਚ ਭਲਾਈ ਰੱਖ ਦੇਵੇ।

ਹਜ਼ਰਤ ਖ਼ਲੀਫ਼ਾ ਤੁਲ ਮਸੀਹ ਅਵੱਲ ਇਸ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਮਿਤੱਰੋ ! ਤੁਸੀਂ ਦੇਖੋ ਜੇਕਰ ਤੁਹਾਨੂੰ ਆਪਣੀ ਪਤਨੀ ਦੀ ਕੋਈ ਗੱਲ ਨਾਪਸੰਦ ਹੋਵੇ ਤਾਂ ਤੁਸੀਂ ਉਸਦੇ ਨਾਲ ਚੰਗਾ ਵਰਤਾਉ ਹੀ ਕਰੋ। ਰੱਬ ਫ਼ਰਮਾਉਂਦਾ ਹੈ ਕਿ ਅਸੀਂ ਉਸ ਵਿੱਚ ਚੰਗਿਆਈ ਤੇ ਉਮਦਗੀ ਪਾ ਦਿਆਂਗੇ । ਹੋ ਸਕਦਾ ਹੈ ਕਿ ਇਕ ਗੱਲ ਵਾਸਤਵ ਵਿੱਚ ਚੰਗੀ ਹੋਵੇ ਅਤੇ ਤੁਹਾਨੂੰ ਬੁਰੀ ਲਗੱਦੀ ਹੋਵੇ । ਸੋ ਜੋ ਪਤੀ ਕਾਹਲੀ ਕਰਦੇ ਹਨ ਪਤਨੀਆਂ ਨੂੰ ਛਡੱਣ ਵਿੱਚ ਜਾਂ ਚੰਗਾ ਵਰਤਾਉ ਨਹੀਂ ਕਰਦੇ ਜਾਂ ਇਸਤਰੀਆਂ ਦੀ ਭਾਵਨਾਵਾਂ ਦਾ ਖ਼ਿਆਨ ਨਹੀਂ ਰਖੱਦੇ ਜਾਂ ਇਸਤਰੀਆਂ ਦੀਆਂ ਕੁਝ

ਗਲੱਾਂ ਬੁਰਾ ਮਨਕੇ ਉਹਨਾਂ ਨਾਲ ਗ਼ਲਤ ਰੱਵਈਏ ਰਖੱਦੇ ਹਨ । ਇਹ ਨਸੀਹਤ ਹੈ ਉਹਨਾਂ ਲਈ ਕਿ ਇਸਤਰੀਆਂ ਨਾਲ ਚੰਗਾ ਵਰਤਾਉ ਕਰੋ ।

ਫਿਰ ਪੁਰੁਸ਼ਾਂ ਦੇ ਦੂਜੇ ਵਿਆਹ ਜਾਂ ਦੂਜੇ ਵਿਆਹ ਦੀ ਇਛੱਾ ਕਰਕੇ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ । ਘਰਾਂ ਵਿੱਚ ਲੜਾਈ ਝਗੜੇ ਪਏ ਹੋਏ ਹਨ । ਪੁਰੁਸ਼ਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਜੇਕਰ ਦੂਜੇ ਵਿਆਹ ਦੀ ਆਗਿਆ ਇਸਲਾਮ ਨੇ ਦਿੱਤੀ ਹੈ ਤਾਂ ਕਈ ਸ਼ਰਤਾ ਤੇ ਜਾਇਜ਼ ਲੋੜ ਨੂੰ ਸਾਹਮਣੇ ਰਖੱਦਿਆਂ ਹੋਇਆਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਬਾਰੇ ਵਿਸਥਾਰ ਨਾਲ ਨਿਰਦੇਸ਼ ਦਿੱਤੇ ਹਨ ਉਸ ਨੂੰ ਸਾਹਮਣੇ ਰਖੱਣਾ ਚਾਹੀਦਾ ਹੈ ।

ਆਪ ਨੇ ਫ਼ਰਮਾਇਆ ਕਿ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਰੱਬ ਦੀ ਅਸਲ ਇਛੱਾ ਇਹ ਹੈ ਕਿ ਤੁਹਾਡੇ'ਤੇ ਵਾਸਨਾ ਗ਼ਾਲਬ ਨ ਆਵੇ ਅਤੇ ਤਕਵਾ (ਸੰਜਮਤਾ) ਦੀ ਪੂਰਨਤਾ ਲਈ ਜੇਕਰ ਵਾਸਤਵਿਕ ਜ਼ਰੂਰਤ ਹੋਵੇ ਤਾਂ ਹੋਰ ਪਤਨੀ ਕਰ ਲਓ । ਦੂਜੀ ਸ਼ਾਦੀ ਕਰਨਾ ਵੀ ਤਕਵਾ (ਸੰਜਮਤਾ) ਕਰਕੇ ਹੈ । ਸੋ, ਇਹ ਸ਼ਾਦੀ ਜਾਇਜ਼ ਹੈ ਅਤੇ ਇਹ ਜਾਇਜ਼ਾ ਲੈਂਣ ਦੀ ਲੋੜ ਹੈ ਉਹਨਾਂ ਸਾਰਿਆਂ ਨੂੰ ਜੋ ਦੂਜੀ ਸ਼ਾਦੀ ਕਰਨ ਦੀ ਇਛੱਾ ਰਖੱਦੇ ਹਨ ਕਿ ਸ਼ਾਦੀ ਤਕਵਾ ਦੀਆਂ ਨੀਹਾਂ ਉਪੱਰ ਹੈ ਜਾਂ ਮਾਨਵੀ ਭਾਵਨਾਵਾਂ ਕਰਕੇ ।

ਫਿਰ ਆਪ ਨੇ ਫ਼ਰਮਾਇਆ, ਸੋ, ਜਾਨਣਾ ਚਾਹੀਦਾ ਹੈ ਕਿ ਜੋ ਵਿਅਕਤੀ ਵਾਸਨਾ ਦੀ ਪੈਰ੍ਹਵੀ ਕਰਕੇ ਬਹੁਤੇ ਵਿਆਹ ਕਰਦਾ ਹੈ ਉਹ ਇਸਲਾਮ ਦੇ ਮਗ਼ਜ਼ (ਆਂਤਰਕ ਬੋਧ) ਤੋਂ ਦੂਰ ਰਹਿੰਦਾ ਹੈ । ਹਰ ਇਕ ਦਿਨ ਜੋ ਚੜ੍ਹਦਾ ਹੈ ਅਤੇ ਰਾਤ ਜੋ ਆਉਂਦੀ ਹੈ ਜੇਕਰ ਉਹ ਤਲਖ਼ੀ (ਤੰਗੀ) ਨਾਲ ਜੀਵਨ ਨਹੀ ਲੰਘਾਉਂਦਾ ਅਤੇ ਰੋਂਦਾ ਘੱਟ ਜਾਂ ਉਕੱਾ ਹੀ ਨਹੀਂ ਰੋਂਦਾ ਅਤੇ ਹਸੱਦਾ ਬਹੁਤਾ ਹੈ ਤਾਂ ਚੇਤੇ ਰੱਖੋ ਕਿ ਉਹ ਹਲਾਕਤ (ਤਬਾਹੀ) ਦੀ ਨਿਸ਼ਾਨੀ ਹੈ ।

ਫਿਰ ਆਪ ਨੇ ਇਸਤਰੀਆਂ ਨੂੰ ਵੀ ਨਸੀਹਤ ਕੀਤੀ ਕਿ ਜੇਕਰ ਪੁਰੁਸ਼ ਜਾਇਜ਼ ਜ਼ਰੂਰਤ ਕਰਕੇ ਵਿਆਹ ਕਰਨਾ ਚਾਹੇ ਤਾਂ ਫਿਰ ਰੌਲ੍ਹਾ ਨਹੀਂ ਪਾਉਂਣਾ ਚਾਹੀਦਾ, ਪਰ ਆਪ ਨੇ ਇਹ ਵੀ ਫ਼ਰਮਾਇਆ ਕਿ ਇਹ ਤੁਹਾਨੂੰ ਵੀ ਹੱਕ ਹੈ ਕਿ ਦੁਆ ਕਰੋ ਕਿ ਰੱਬ ਇਹ ਮੁਸ਼ਕਲ ਤੁਹਾਡੇ'ਤੇ ਆਉਣ ਹੀ ਨ ਦੇਵੇ । ਆਪ ਫ਼ਰਮਾਉਂਦੇ ਹਨ ਕਿ ਸਾਡੇ ਯੁੱਗ ਵਿੱਚ ਕੁਝ ਵਿਸ਼ੇਸ਼ ਕੁਰੀਤੀਆਂ ਵਿੱਚ ਇਸਤਰੀਆਂ ਵੀ ਗ੍ਰਿੱਸੀਆਂ ਹੋਈਆ ਹਨ । ਉਹ ਦੂਜੇ ਨਿਕਾਹ ਦੇ ਮਸਲੇ ਨੂੰ ਅਤਿਅੰਤ ਭੈੜੀ ਨਜ਼ਰ ਨਾਲ ਦੇਖਦੀਆਂ ਹਨ ਸੰਭਵਤਾ ਉਸ'ਤੇ ਵਿਸ਼ਵਾਸ਼ ਹੀ ਨਹੀਂ ਰਖੱਦੀਆਂ । ਉਹਨਾਂ ਨੂੰ ਪਤਾ ਨਹੀਂ ਕਿ ਰੱਬ ਦੀ ਸ਼ਰੀਅਤ ਹਰ ਪ੍ਰਕਾਰ ਦਾ ਇਲਾਜ ਆਪਣੇ ਅੰਦਰ ਰੱਖਦੀ ਹੈ । ਸੋ, ਜੇਕਰ ਇਸਲਾਮ ਵਿੱਚ ਅਧਿਕ ਨਿਕਾਹ ਦਾ ਮਸਲਾ ਨ ਹੁੰਦਾ ਤਾਂ ਅਜਿਹੀ ਅਵਸਥਾ ਵਿੱਚ ਜੋ ਪੁਰੁਸ਼ਾਂ ਲਈ ਦੂਜੇ ਨਿਕਾਹ ਲਈ ਪੇਸ਼ ਆਉਂਦੀਆਂ ਹਨ ਇਸ ਸ਼ਰੀਅਤ ਵਿੱਚ ਉਹਨਾਂ ਦਾ ਕੋਈ ਹੱਲ ਨ ਹੁੰਦਾ । ਉਧਾਰਣ ਲਈ ਇਸਤਰੀ ਅਬੋਧ ਹੋ ਜਾਵੇ ਜਾਂ ਅਪੰਗ ਹੋ ਜਾਵੇ ਜਾਂ ਹਮੇਸ਼ਾ ਲਈ ਕਿਸੇ ਰੋਗ ਵਿੱਚ ਗ੍ਰਿਸਤ ਹੋ ਜਾਵੇ ਜੋ ਬੇਕਾਰ ਕਰ ਦਿੰਦੀ ਹੈ ਜਾਂ ਕੋਈ ਅਜਿਹੀ ਸੂਰਤ ਪੇਸ਼ ਆ ਜਾਵੇ ਜਾਂ ਇਸਤਰੀ ਰਹਿਮ ਯੋਗ ਹੋਵੇ ਪਰ ਬੇਕਾਰ ਹੋ ਜਾਵੇ ਅਤੇ ਪੁਰੁਸ਼ ਵੀ ਰਹਿਮ ਯੋਗ ਕਿ ਉਹ ਬ੍ਰਹਮਚਾਰੀ'ਤੇ ਸੰਤੋਖ ਨ ਰੱਖ ਸਕੇ ਤਾਂ ਅਜਿਹੀ ਅਵਸਥਾ ਵਿੱਚ ਪੁਰੁਸ਼ ਦੇ ਅੰਗਾ ਉਪੱਰ ਜ਼ੁਲਮ ਹੈ ਕਿ ਉਸ ਨੂੰ ਦੂਜੇ ਨਿਕਾਹ ਦੀ ਆਗਿਆ ਨ ਦਿੱਤੀ ਜਾਵੇ । ਵਾਸਤਵ ਵਿੱਚ ਰੱਬ ਦੀ ਸ਼ਰੀਅਤ ਨੇ ਇਹਨਾਂ ਹੀ ਕਾਰਜਾਂ'ਤੇ ਦ੍ਰਿਸ਼ਟੀ ਰੱਖਦਿਆਂ ਹੋਇਆ ਪੁਰੁਸ਼ਾਂ ਲਈ ਮਾਰਗ ਖੁੱਲਿਆ ਰੱਖਿਆ ਹੈ ਅਤੇ ਮਜਬੂਰੀਆਂ ਦੇ ਸਮੇਂ ਇਸਤਰੀਆਂ ਲਈ ਵੀ ਮਾਰਗ ਖੁਲੱਾ ਹੈ ਕਿ ਜੇਕਰ ਪੁਰੁਸ਼ ਬੇਕਾਰ ਹੋ ਜਾਵੇ ਤਾਂ ਹਾਕਮ ਰਾਹੀਂ 'ਖ਼ੁਲਾਅ' ਕਰਾ ਲੈਂਣ ਜੋ ਤਲਾਕ ਦਾ ਕਾਇਮ ਮੁਕਾਮ ਹੈ ।

ਅਲੱਾਹ ਤਆਲਾ ਜਮਾਤ ਦੇ ਲੋਕਾਂ ਨੂੰ ਪੁਰੁਸ਼ ਇਸਤਰੀਆਂ ਨੂੰ ਅਕਲ ਦੇਵੇ ਕਿ ਉਹ ਆਪਣੇ ਪਰਿਵਾਰਕ ਮਸਲੇ ਰੱਬ ਦੀ ਸਿੱਖਿਆ ਅਨੁਸਾਰ ਹੱਲ ਕਰਨ ਵਾਲੇ ਹੋਣ ਅਤੇ ਸੰਸਾਰਕ ਇਛੱਾਵਾਂ ਦੀ ਥਾਂ ਧਰਮ ਨੂੰ ਪਹਿਲ ਦੇਣ ਵਾਲੇ ਹੋਣ । ਰੱਬ ਦਾ ਖ਼ੌਫ਼ ਅਤੇ ਤਕਵਾ ਹਮੇਸ਼ਾ ਦ੍ਰਿਸ਼ਟੀਗੋਚਰ ਹੋਵੇ । ਇਸੇ ਪ੍ਰਕਾਰ ਨਵੇਂ ਰਿਸ਼ਤਿਆਂ ਦੇ ਮਸਲੇ ਵੀ ਰੱਬ ਦੂਰ ਫ਼ਰਮਾਏ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ । ਲੜਕਿਆਂ ਤੇ ਲੜਕੀਆਂ ਨੂੰ ਇਹ ਤੌਫ਼ੀਕ ਦੇਵੇ ਅਤੇ ਇਸ ਗੱਲ ਨੂੰ ਸਮਝਣ ਦੀ ਤੌਫ਼ੀਕ ਪ੍ਰਦਾਨ ਕਰੇ ਕਿ ਵਿਆਹ ਸ਼ਾਦੀ ਕੇਵਲ ਸੰਸਾਰਕ ਉਦੇਸ਼ਿਆਂ ਨੂੰ ਪੂਰਾ ਕਰਨ ਲਈ ਜਾਂ ਦੁਨੀਆਵੀ ਮੰਤਵਾਂ ਨੰ ਪੂਰਾ ਕਰਨ ਲਈ ਨਹੀਂ ਸਗੋਂ ਦੀਨ ਨੂੰ ਦੁਨੀਆ'ਤੇ ਪਹਿਲ ਦੇਣ ਲਈ ਭਵਿੱਖ ਦੀਆਂ ਨਸਲਾਂ ਨੂੰ ਧਰਮ ਦੇ ਮਾਰਗ ਉਪੱਰ ਚਲੱਣ ਵਾਲਾ ਬਨਾਉਣ ਲਈ ਨੇਕ ਸੰਤਾਨ ਪੈਦਾ ਕਰਨ ਲਈ ਹੋਣ ਤਾਂ ਜੋ ਭਵਿੱਖ ਦੀਆਂ ਨਸਲਾਂ ਸੁਰੱਖਿਅਤ ਹੋਣ ਅਤੇ ਇਸ ਦੀ ਸੇਵਾ ਕਰਨ ਵਾਲੀਆਂ ਹੋਣ ਅਤੇ ਰੱਬ ਦੀਆਂ ਮਿਹਰਾਂ ਦੇ ਵਾਰਸ ਬਣਨ

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਮੁਹਮੱਦ ਨਵਾਜ਼ ਮੋਮਨ ਸਾਹਬ ਵਕਫ਼ੇ ਜ਼ਿੰਦਗੀ ਅਤੇ ਮੁਕਰੱਮ ਸਯੱਦ ਰਫ਼ੀਕ ਅਹਮਦ ਸਾਹਬ ਸਦਰ ਜਮਾਤ ਸਰ ਬਟਨ ਦੇ ਨਮਾਜ਼ ਜਨਾਜ਼ਾਹ ਹਾਜ਼ਰ ਅਤੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਪੋਤੇ ਮੁਕਰੱਮ ਡਾਕਟਰ ਮਿਰਜ਼ਾ ਲਈਕ ਅਹਮਦ ਸਾਹਬ ਅਤੇ ਮੁਕਰੱਮ ਅਮੀਨੁਲੱਾਹ ਖਾਂ ਸਾਹਬ ਸਾਬਕ ਮਿਸ਼ਨਰੀ ਯੂ.ਐਸ.ਏ. ਦੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਉਣ ਦਾ ਐਲਾਨ ਕੀਤਾ ਅਤੇ ਉਹਨਾ ਦੇ ਗੁਣਾ ਦਾ ਵਰਨਣ ਕੀਤਾ ।

**Khulasa Khutba Jumma 03.03.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131